# ਬਹਾਦਰ ਬੀਬੀ ਬਸੰਤ ਲਤਾ



**ਜੋਰਾਵਰ ਸਿੰਘ ਤਰਸਿੱਕਾ**

# ਬਹਾਦਰ ਬੀਬੀ ਬਸੰਤ ਲਤਾ

## ਜੋਰਾਵਰ ਸਿੰਘ ਤਰਸਿੱਕਾ

Ek baar saari jaroor read kro then you will be able to know the power of Sri Guru Gobind Singh ji how he saved Bibi Basant kaur having good jati sati Quality

ਬੀਬੀ ਬਸੰਤ ਲਤਾ ਬਹੁਤ ਭਗਤੀ ਭਾਵ ਵਾਲੀ ਸੇਵਾ ਸਿਮਰਨ ਵਿਚ ਏਨੀ ਗੜੂੰਦ ਕਿ ਵਿਆਹ ਨਹੀਂ ਕਰਾਇਆ । ਜਦੋਂ ਘਰ ਦੇ ਵਿਆਹ ਕਰਨ ਲੱਗੇ ਤਾਂ ਇਹ ਅਨੰਦਪੁਰ ਮਾਤਾ ਸਾਹਿਬ ਕੌਰ ਪਾਸ ਉਹਨਾਂ ਦੀ ਸੇਵਾ ਵਿੱਚ ਜੁੱਟ ਗਈ । ਜਦੋਂ ਅਨੰਦਪੁਰ ਛੱਡਿਆ ਤਾਂ ਮਾਤਾ ਜੀ ਨਾਲੋਂ ਵਿਛੜ ਕੇ ਦੁਸ਼ਮਨਾਂ ਦੇ ਹੱਥ ਆ ਗਈ । ਇਸ ਨੇ ਆਪਣਾ ਧਰਮ ਪਵਿੱਤਰ ਰੱਖਣ ਲਈ ਅਰਦਾਸ ਕੀਤੀ । ਆਪਣੀ ਇਜ਼ਤ ਦੀ ਪਵਿਤ੍ਰਤਾ ਕਲਗੀਆਂ ਵਾਲੇ ਆਪੇ ਆ ਰੱਖੀ ਤੇ ਇਸ ਦੇ ਉਪਦੇਸ਼ ਸੁਣ ਇਸ ਨੂੰ ਚੁੱਕ ਕੇ ਲਿਆਉਣ ਵਾਲਾ ਇਸ ਨੂੰ ਭੈਣ ਬਣਾ ਲਿਆ ਤੇ ਆਪ ਵੀ ਸੁਧਰ ਗਿਆ ।

ਬੀਬੀ ਬਸੰਤ ਲਤਾ ਇਕ ਖੱਤਰੀਆਂ ਦੀ ਲੜਕੀ ਸੀ । ਇਸ ਦੇ ਮਾਂ ਬਾਪ ਗੁਰੂ ਘਰ ਦੇ ਬਹੁਤੁ ਸ਼ਰਧਾਲੂ ਸਨ । ਇਹ ਪ੍ਵਾਰ ਦੱਸਾਂ ਨੌਹਾਂ ਦੀ ਕਿਰਤ ਕਰਦੇ ਤੇ ਬਹੁਤਾ ਹਿੱਸਾ ਗੁਰੂ ਘਰ ਭੇਜ ਦੇਂਦੇ । ਬੜਾ ਧਰਮਾਤਮਾ

https://archive.org/details/namdhari

ਪਰਵਾਰ ਸੀ । ਬਸੰਤ ਲਤਾ ਇਨ੍ਹਾਂ ਦੀ ਤੀਜੀ ਲੜਕੀ ਸੀ । ਇਹ ਮਾਪਿਆਂ ਨਾਲ ਗੁਰੂ ਘਰ ਆ ਝਾੜੂ ਤੇ ਲੰਗਰ ਦੀ ਸੇਵਾ ਕਰਦੀ ਸੀ । ਸੇਵਾ ਕਰਦੀ ਸਿਮਰਨ ਕਰਦੀ ਰਹਿੰਦੀ। ਇਸ ਸੁੰਦਰ ਸਰੀਰ ਵਿਚ ਪਵਿੱਤਰ ਆਤਮਾ ਸਾਭੀ ਬੈਠੀ ਸੀ । ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਤੇ ਨਿੱਤ ਨੇਮ ਕਰ ਦੀਵਾਨ ਵਿਚ ਕਥਾ ਕੀਰਤਨ ਸਰਵਨ ਕਰ ਬਾਕੀ ਸਮਾਂ ਉਥੇ ਕਈ ਕਿਸਮ ਦੀ ਸੇਵਾ ਕਰਦੀ ਨਾ ਅਕਦੀ ਨਾ ਥਕਦੀ ।

ਸੋਲਾਂ ਸਾਲਾਂ ਦੀ ਮੁਟਿਆਰ ਹੋ ਗਈ । ਇਸ ਦੇ ਮਾਪਿਆਂ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਇਸ ਦੇ ਵਿਆਹ ਕਰਨ ਬਾਰੇ ਵਿਚਾਰ ਪੁਛੀ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ । ਜਦੋਂ ਬਸੰਤ ਲਤਾ ਨੂੰ ਇਸ ਵਿਆਹ ਦੇ ਵਿਚਾਰ ਦਾ ਪਤਾ ਲੱਗਾ ਤਾਂ ਇਸ ਨੇ ਆਪਣੇ ਮਾਪਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ "ਮੈਂ ਕੰਵਾਰੀ ਰਹਿ ਕੇ ਗੁਰੂ ਘਰ ਦੀ ਸੇਵਾ ਕਰਨੀ ਚਾਹੁੰਦੀ ਹਾਂ । ਜੇ ਮੇਰਾ ਜਬਰਦਸਤੀ ਵਿਆਹ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਕੁਝ ਖਾ ਕੇ ਮਰ ਜਾਵਾਂਗੀ । ਇਹ ਪਵਿਤਰ ਵਿਚਾਰਾਂ ਦੀ ਧਾਰਨੀ ਸੀ ਤੇ ਮਾਤਾ ਸਾਹਿਬ ਕੌਰ ਪਾਸ ਰਹਿ ਉਨ੍ਹਾਂ ਦੀ ਸੇਵਾ ਕਰਨੀ ਚਾਹੁੰਦੀ ਸੀ ।

ਜਦੋਂ ਬਸੰਤ ਨੂੰ ਪਤਾ ਲਗਾ ਉਸ ਦੇ ਮਾਪੇ ਉਸ ਦੇ ਇਸ ਪਵਿੱਤਰ ਵਿਚਾਰਾਂ ਵਿਰੁੱਧ ਡੱਟ ਗਏ ਹਨ ਤਾਂ ਉਹ ਭੱਜ ਕੇ ਮਾਤਾ ਸਾਹਿਬ ਕੌਰ ਪਾਸ ਆ ਗਈ । ਮਾਤਾ ਜੀ ਦੇ ਪਵਿੱਤਰ ਚਰਨ ਪਕੜ ਹੰਝੂਆਂ ਨਾਲ ਭਇਓ ਦਿੱਤੇ । ਮਾਤਾ ਜੀ ਨੂੰ ਕਿਹਾ ਕਿ ਉਹ ਉਸ ਦੇ ਮਾਪਿਆਂ ਨੂੰ ਉਸ ਦਾ ਵਿਆਹ ਕਰਨ ਤੋਂ ਰੋਕਣ । ਆਖਰ ਮਾਤਾ ਜੀ ਨੇ ਉਸ ਦੇ ਮਾਪਿਆਂ ਨੂੰ ਉਸ ਦੀ

ਸ਼ਾਦੀ ਕਰਨੋਂ ਵਰਜ ਦਿੱਤਾ । ਤੇ ਘਰ ਨਾ ਜਾਣ ਦਿੱਤਾ । ਮਾਤਾ ਜੀ ਦੀ ਬੜੇ ਪ੍ਰੇਮ ਤੇ ਸ਼ਰਧਾਂ ਨਾਲ ਸੇਵਾ ਕਰਦੀ । ਨਿਸ਼ਕਾਮ ਸੇਵਾ ਤੇ ਸਿਮਰਨ ਤੇ ਬਸੰਤ ਨੂੰ ਇਕ ਦੇਵੀ ਹੀ ਬਣਾ ਦਿਤਾ । ਸਾਰੇ ਪਾਸੇ ਇਸ ਦੇ ਆਦਰ ਮਾਨ ਹੋਣ ਲੱਗ ਪਏ । ਇਥੇ ਰਹਿ ਇਸ ਨੇ ਗੁਰਮੁਖੀ ਤੇ ਸੰਸਕ੍ਰਿਤ ਦੀ ਪੜ੍ਹਾਈ ਵੀ ਸਿੱਖੀ । ਕੇਵਲ ਪੰਜ ਘੰਟੇ ਸੌਂ ਬਾਕੀ ਸਮਾਂ ਸੇਵਾ ਸਿਮਰਨ ਤੇ ਨੇਕ ਕੰਮ ਕਰਨ ਵਿੱਚ ਗੁਜਾਰਦੀ । ਹਰ ਵਕਤ ਮਾਤਾ ਜੀ ਨੂੰ ਵੱਧ ਤੋਂ ਵੱਧ ਸੇਵਾ ਤੇ ਸਹੂਲਤਾਂ ਪ੍ਰਦਾਨ ਕਰਨ ਦੇ ਯਤਨ ਕਰਦੀ ਰਹਿੰਦੀ ।

ਇਧਰ ਕਈ ਮਹੀਨਿਆਂ ਦੀ ਜੰਗ ਤੋਂ ਬਾਦ ਅਨੰਦਪੁਰ ਛੱਡਣਾ ਪਿਆ । ਗੁਰੂ ਜੀ ਅਜੇ ਕਿਲਾ ਖਾਲੀ ਕਰਕੇ ਥੋੜੀ ਦੂਰ ਹੀ ਗਏ ਸਨ ਕਿ ਵੈਰੀਆਂ ਨੇ ਗਊ ਤੇ ਕੁਰਾਨ ਤੇ ਹੱਥ ਰੱਖ ਖਾਧੀਆਂ ਕਸਮਾਂ ਛਿੱਕੇ ਤੇ ਟੰਗ ਪਿਛੋਂ ਹਮਲਾ ਕਰ ਦਿੱਤਾ । ਆਪਣੀ ਜਵਾਨੀ ਨੂੰ ਗੁਰੂ ਘਰ ਤੋਂ ਵਾਰਨ ਵਾਲੀ ਬਸੰਤ ਨੇ ਮਾਤਾ ਸਾਹਿਬ ਕੌਰ ਦਾ ਸਾਥ ਨਾ ਛੱਡਿਆ । ਮਾਤਾ ਜੀ ਨਾਲ ਪੈਦਲ ਚਲ ਪਈ । ਮਾਤਾ ਜੀ ਨੇ ਬਥੇਰਾ ਸਮਝਾਇਆ ਕਿ ਉਹ ਮਾਤਾ ਦੇ ਨਾਲ ਪਾਲਕੀ ਵਿੱਚ ਬੈਠ ਜਾਵੇ । ਇਹੋ ਕਹਿ ਟਾਲ ਦੇਵੇ ਕਿ ਉਹ ਪੂਜਨੀਕ ਮਾਤਾ ਦੇ ਬਰਾਬਰ ਨਹੀਂ ਬੈਠ ਸਕਦੀ ਬਸੰਤ ਲਤਾ ਤੇਈ ਕੁ ਸਾਲ ਦੀ ਹੋਵੇ ਗੀ । ਪਵਿਤਰ ਜੀਵਨ , ਕੰਵਾਰਾਪਨ ਹੋਣ ਕਰਕੇ ਕਾਫੀ ਬਲਵਾਨ ਸੀ । ਚੂੰਗੀਆਂ ਮਾਰਦੀ ਪਾਲਕੀ ਦੇ ਨਾਲ ਨੱਠੀ ਜਾਂਦੀ ਹੱਥ ਵਿਚ ਨੰਗੀ ਕਿਰਪਾਨ । ਸਿਰ ਉਪਰ ਕੇਸਰੀ ਲੱਕ ਦੁਆਲੇ ਕਮਰ ਕੱਸਾ । ਫੁਰਤੀਲਾ ਸਰੀਰ ਏਨੀ ਠੰਡ ਤੇ ਸ਼ੀਤ ਵਾਲੀ ਹਵਾ ਦੀ ਵੀ ਕੋਈ ਪਰਵਾਹ ਨਾ ਕਰਦੀ ।

ਅੱਗੇ ਜੋਬਨਮਤੀ ਸ਼ੂਕਾਂ ਮਾਰਦੀ ਸਰਸਾ ਨਦੀ ਠਾਠਾਂ ਮਾਰ ਰਹੀ ਹੈ । ਇਸ ਨੂੰ ਪਾਰ ਕਰ ਠੰਡ ਨਾਲ ਬੌਂਦਲ ਗਈ । ਪਹਿਲਾਂ ਵਾਂਗ ਪਾਲਕੀ ਨਾਲ ਚਲਨੋ ਅਸਮਰਥ ਹੋ ਗਈ । ਹਨੇਰੀ ਰਾਤ ਵਿੱਚ ਠੇਡਾ ਖਾ ਡਿਗ ਪਈ । ਕਾਹਲੀ ਵਿੱਚ ਸਾਥੀ ਅੱਗੇ ਨਿਕਲ ਗਏ । ਜਦੋਂ ਹੋਸ਼ ਆਈ ਤਾਂ ਕਿਰਪਾਨ ਸੰਭਾਲ ਫਿਰ ਤੁਰ ਪਈ । ਪਿਛੋਂ ਨਿਰਦਈ ਵੈਰੀਆਂ ਦੇ ਸਿਪਾਹੀ ਆ ਮਿਲੇ । ਬਿਜਲੀ ਦੀ ਲਿਸ਼ਕ ਨਾਲ ਉਨ੍ਹਾਂ ਦੀ ਨਿਗਾਹ ਇਸ ਤੇ ਪਈ । ਸੁੰਦਰ ਮੁਟਿਆਰ ਨੂੰ ਇਕੱਲਿਆਂ ਵੇਖ ਪਕੜ ਲਿਆ । ਇਸ ਨੇ ਕਿਰਪਾਨ ਦਾ ਪ੍ਰਯੋਗ ਕਰਨ ਦਾ ਬਥੇਰਾ ਯਤਨ ਕੀਤਾ । ਇਕ ਤਾਂ ਠੰਡ ਨੇ ਉਸ ਨੂੰ ਨਿਢਾਲ ਕਰ ਦਿੱਤਾ ਸੀ ਦੂਜੇ ਵੈਰੀਆਂ ਦਾ ਗਲਬਾ ਪੈ ਗਿਆ । ਵਿਚਾਰੀ ਦੀ ਕੋਈ ਪੇਸ਼ ਨਾ ਗਈ । ਸਿਪਾਹੀ ਉਸ ਨੂੰ ਧੂਹਦੇ ਆਪਣੇ ਹਾਕਮ ਸਮੁੰਦ ਖਾਂ ਪਾਸ ਲੈ ਗਏ । ਇਹ ਬੜਾ ਨਿਰਦਈ ਤੇ ਕਾਮੀ ਪੁਰਸ਼ ਸੀ ! ਇਸ ਨੂੰ ਵੇਖ ਉਹ ਆਪਣਾ ਦਿਲ ਹੀ ਖੋ ਬੈਠਾ ।

ਸਮੁੰਦ ਖਾਂ ਪਹਾੜੀ ਰਾਜਿਆ ਦਾ ਨਵਾਬ ਸੀ । ਬੜਾ ਬਦਚਲਨ , ਲਾਲਚੀ ਤੇ ਅਭਿਮਾਨੀ ਸੀ । ਬਸੰਤ ਨੂੰ ਆਪਣੇ ਕਿਲ੍ਹੇ ਵਿਚ ਲੈ ਗਿਆ । ਕਿਲ੍ਹੇ ਵਿੱਚ ਲਿਜਾ ਬੜੇ ਲਾਲਚ ਮੁਖ ਬੇਗਮ ਬਣਾਉਣ ਤੇ ਹੋਰ ਐਸ਼ੋ ਇਸ਼ਰਤ ਦੇ ਲਾਲਚ ਦੇ ਵਰਗਲਾਉਣ ਲੱਗਾ ਪਰ ਬਸੰਤ ਲਤਾ ਨੇ ਸੱਚੀ ਗੱਲ ਕਹੀ ਕਿ “ ਬਸੰਤ ਨੂੰ ਭਾਵੇਂ ਕੁੱਟ ਕੁੱਟ , ਭੁਖਿਆ ਰਖ , ਕੀਮਾਂ ਕੀਮਾਂ ਕਰ ਦਿਉ । ਇਹ ਕਿਸੇ ਮਰਦ ਨੂੰ ਆਪਣਾ ਪਤੀ ਸਵੀਕਾਰ ਨਹੀਂ ਕਰੇਗੀ । ਮੈਂ ਸਤਿਗੁਰੂ ਜੀ ਹਜ਼ੂਰੀ ਵਿੱਚ ਇਹ ਪ੍ਰਣ ਕੀਤਾ ਹੈ । ਮੈਨੂੰ ਸੰਸਾਰਕ ਐਸ਼ੋ ਇਸ਼ਰਤ ਨਹੀਂ ਭਾਉਂਦੇ । ਮੈਂ ਮਾਤਾ ਜੀ ਦੀ ਸੇਵਾ ਕਰਨ ਦਾ ਪ੍ਰਣ ਕੀਤਾ

ਹੋਇਆ ਹੈ । ਜੇ ਉਹ ਮਿਲ ਜਾਣ ਤਾਂ ਉਨ੍ਹਾਂ ਦੇ ਚਰਨਾਂ ਵਿਚ ਸੇਵਾ ਕਰ ਜੀਵਨ ਬਤੀਤ ਕਰ ਸਕਾਂ ।"

ਸਮੁੰਦ ਖਾਂ ਇਸ ਨੂੰ ਗੁਰੂ ਘਰ ਵਿਚੋਂ ਇਸਤਰੀ ਸਮਝਦਾ ਸੀ । ਸਮੁੰਦ ਖਾਂ ਨੇ ਬੜਾ ਜੋਰ ਲਾਇਆ ਕਿ ਬਸੰਤ ਬੇਗਮ ਬਣ ਜਾਵੇ । ਲਾਲਚ , ਡਰਾਵੇ ਜਦੋਂ ਫੇਲ ਹੋ ਗਏ ਤਾਂ ਇਸ ਨੂੰ ਬੰਦੀ ਖਾਨੇ ਵਿਚ ਪਾ ਕੇ ਨਿਰਬਲ ਕਰਨ ਦੀ ਵਿਚਾਰ ਬਣਾਈ । ਬੰਦੀ ਖਾਨਾ ਵੀ ਇਕ ਨਰਕ ਹੀ ਸੀ । ਸਲਾਭੀ ਥਾਂ , ਘੁੱਪ ਹਨੇਰਾ , ਅੰਦਰ ਕੀੜੇ ਮਕੌੜੇ , ਚੂਹੇ ਕਿਰਲੀਆਂ ਅਨੇਕ ਹੋਰ ਜੀਵ । ਇਸ ਵਿਚ ਇਕ ਪੱਥਰ ਦਾ ਉੱਚਾ ਥੜਾ ਬਣਿਆ ਹੋਇਆ ਸੀ । ਜਿਸ ਉਪਰ ਬੈਠਿਆ ਜਾਂ ਤਾ ਜਾ ਸਕਦਾ ਸੀ । ਜੰਗਲ ਪਾਣੀ ਵੀ ਵਿਚੇ ਹੀ।ਪਹਿਲੀ ਰਾਤ ਸਿਰ ਤੇ ਆਈ ਥੱਕੀ ਟੁੱਟੀ ਨੂੰ ਨੀਂਦ ਆ ਗਈ । ਸਾਰੀ ਰਾਤ ਰਾਹ ਵਿੱਚ ਕਸ਼ਟਾ ਤੇ ਲੜਾਈ ਦਾ ਖਿਆਲ ਫਿਲਮ ਵਾਂਗ ਖਿਆਲਾ ਵਿੱਚ ਆਉਂਦਾ ਰਿਹਾ ਜਦੋਂ ਮਾਤਾ ਸਾਹਿਬ ਕੌਰ ਦਾ ਵਿਛੋੜਾ ਯਾਦ ਆ ਗਿਆ ਸੁਪਨੇ ਵਿਚ ਬੜਾਉਣ ਲੱਗੀ ' ਮਾਤਾ ਜੀ ਮਾਤਾ ਜੀ ਮੈਨੂੰ ਛੱਡ ਕੇ ਨਾ ਜਾਇਓ ਕਰਦੀ ਉਠ ਕੇ ਭੁੱਜੀ ਤਾਂ ਬੰਦੇ ਦੀ ਪੱਥਰ ਦੀ ਕੰਧ ਨਾਲ ਸਿਰ ਜਾ ਵੱਜਾ ਸੱਟ ਲੱਗੀ ਤਾਂ ਹੋਸ਼ ਵਿੱਚ ਆਈ ਤਾਂ ਪਤਾ ਲਗਾ ਕਿ ਮੈਂ ਕੈਦ ਵਿਚ ਹਾਂ । ' '

ਉਥੇ ਹੀ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਧਿਆਨ ਕਰ ਅਰਦਾਸ ਬੇਨਤੀ ਕਰਨ ਲੱਗੀ । " ਹੇ ਸੱਚੇ ਪਾਤਸ਼ਾਹ ! ਕਲਗੀਆਂ ਵਾਲੇ ! ਦਿਆਲੂ ਪਿਤਾ ਦਾਸੀ ਨੂੰ ਤਾਂ ਤੇਰਾ ਹੀ ਆਸਰਾ ਹੈ । ਮੈਂ ਭੋਲੇ ਭਾ ਪ੍ਰਣ ਕਰ ਲਿਆ ਸੀ ਕਿ ਤੇਰੇ , ਚਰਨਾ ਵਿੱਚ ਜੀਵਨ ਬਤੀਤ ਕਰਾਂਗੀ ਮਾਤਾ

ਜੀ ਦੀ ਸੇਵਾ ਕਰਾਂਗੀ , ਗੁਰੂ ਘਰ ਦੇ ਜੂਠੇ ਬਰਤਨ ਮਾਜਾਂਗੀ ਤੇ ਸੰਗਤ ਦੇ ਜੋੜੇ ਝਾੜ ਜਨਮ ਸਫਲਾ ਕਰਾਂਗੀ । ਕੀ ਭਾਣਾ ਵਰਤਾ ਦਿੱਤਾ । ਸਾਰੇ ਵਿਛੜ ਗਏ । ਮੈਨੂੰ ਇਕੱਲੀ ਨੂੰ ਛੱਡ ਗਏ । ਮੇਰਾ ਰੂਪ ਤੇ ਜਵਾਨੀ ਹੀ ਮੇਰਾ ਵੈਰੀ ਬਣ ਗਿਆ । ਮੈਨੂੰ ਤੇ ਮੇਰੀ ਪਵਿਰਤਾ ਨੂੰ ਬਚਾਓ । ਮੇਰਾ ਧਰਮ ਚਲਿਆ ਜੇ ਕਿਤੇ ਮੇਰਾ ਨਰਕਾਂ ਵਿਚ ਵਾਸਾ ਨਾ ਹੋਵੇ । ਹੇ ਜਗਤ ਰਖਿਅਕ ਦੀਨ ਦਿਆਲੂ ਪ੍ਰਭੂ ਲਜਿਆ ਰੱਖੋ ।

ਰਾਖਨ ਹਾਰੇ ਰਾਖਹੁ ਆਪ ॥ ਸਗਲ ਸੁਖਾ ਪ੍ਰਭ ਤੁਮਰੈ ਹਾਥ ॥

ਇਸ ਤਰ੍ਹਾਂ ਪ੍ਰਮਾਤਮਾ ਅੱਗੇ ਲਿਲੜੀਆ ਲੈ ਰਹੀ ਸੀ ਕਿ ਪ੍ਰਭੂ ਮੇਰੀ ਸਹਾਇਤਾ ਕਰੋ । ਇਸ ਤਰ੍ਹਾਂ ਆਪਣੇ ਨਾਲ ਹੀ ਗੱਲਾਂ ਕਰ ਰਹੀ ਸੀ ਕਿ ਇਕ ਅੱਧਖੜ ਹਿੰਦੂ ਤੀਵੀਂ ਦੀਵਾ ਲੈ ਕੇ ਬੰਦੀ ਖਾਨੇ ਦੇ ਬੂਹੇ ਅੱਗੇ ਆ ਖਲੋਤੀ ਤੇ ਕਹਿਣ ਲੱਗੀ ਕਿ ਉਹ ਹਿੰਦੂ ਹੈ ਉਸ ਨੂੰ ਖਾਨ ਬਹਾਦਰ ਨੇ ਉਸ ਲਈ ਰੋਟੀ ਪਕਵਾ ਕੇ ਘੱਲੀ ਰੋਟੀ ਖਾ ਲੈ । ਬਸੰਤ ਲਤਾ ਨੇ ਬੜਾ ਟਾਲਿਆ ਪਰ ਬੁੱਢੜੀ ਨੇ ਉਸ ਨੂੰ ਰੋਟੀ ਖਾਣ ਲਈ ਮਜਬੂਰ ਕਰ ਹੀ ਦਿੱਤਾ । ਦੋ ਤਿੰਨ ਦੀ ਦੁੱਖੀ ਨੇ ਰੋਟੀ ਖਾਧੀ ਤੇ ਅੰਦਰ ਜਾ ਪੱਥਰ ਤੇ ਲੇਟੀ ।

ਚੰਦਰ ਪ੍ਰਭਾ ਹਿੰਦੂ ਤੀਵੀਂ ਨੂੰ ਅਜੇ ਥੋੜਾ ਚਿਰ ਗਈ ਨੂੰ ਹੋਇਆ ਸੀ ਕਿ ਸਮੁੰਦ ਖਾਨ ਬੰਦੀ ਖਾਨੇ ਵਿੱਚ ਆ ਵੜਿਆ ਆਉਂਦਿਆਂ ਹੀ ਬਸੰਤ ਨੂੰ ਕਿਹਾ ਹੈ ਸੁੰਦਰਤਾ ਦੀ ਦੇਵੀ ! ਮੈਨੂੰ ਅਫਸੋਸ ਹੈ ਤੈਨੂੰ ਇਸ ਕਾਲ ਕੋਠੜੀ ਵਿੱਚ ਸੁੱਟਣਾ ਪਿਆ । ਮੈਨੂੰ ਦਸੋ ਮੇਰੇ ਵਿਚ ਕੀ ਐਬ ਹੈ ? ਤੇਰੇ ਸਾਰੇ ਸਾਥੀ ਤੇ ਗੁਰੂ ਦਾ ਪ੍ਰਵਾਰ ਖਤਮ ਕਰ ਦਿੱਤਾ ਗਿਆ ਹੈ । ਤੇਰਾ ਹੁਣ ਕੋਈ

ਆਸਰਾ ਨਹੀਂ ਰਿਹਾ । ਤੂੰ ਇਕੱਲੀ ਕੀ ਕਰੇਂਗੀ ? ਕਿਥੇ ਜਾਵੇਗੀ ? ਤੈਨੂੰ ਸਭ ਸੁੱਖ ਆਰਾਮ ਅਰਪਣ ਕੀਤਾ ਜਾਣਗੇ । ' '

ਬਸੰਤ ਨੇ ਕਿਹਾ ਕਿ “ ਮੈਂ ਇਕ ਵਾਰੀ ਨਹੀਂ ਕਈ ਵਾਰੀ ਕਿਹਾ ਹੈ ਕਿ ਮੈਂ ਖੁਦਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਸਮ ਖਾਧੀ ਹੈ ਕਿ ਮੈਂ ਕਿਸੇ ਨੂੰ ਪਤੀ ਨਹੀਂ ਮਨਾਂਗੀ । ਤੇ ਨਾ ਕੋਈ ਬੁਰਾ ਐਬ ਕਰਨਾ ਹੈ । ਮੈਨੂੰ ਪਵਿੱਤਰ ਰਹਿਣ ਦਿਓ । ਮੈਨੂੰ ਆਪਣੀ ਭੈਣ ਸਮਝੋ । ਮੇਰੇ ਤੇ ਦਯਾ ਕਰੋ , ਧਰਮ ਕਰੋ । ਸਦਾ ਖੁਦਾ ਪਾਸੋਂ ਡਰਨਾ ਚਾਹੀਦਾ ਹੈ । ਮੈਂ ਇਕ ਇਸਤਰੀ ਹਾਂ ਤੇ ਨਿਰਬਲ ਹਾਂ । ਇਸ ਨਿਰਬਲਤਾ ਦਾ ਲਾਭ ਨਾ ਉਠਾਓ ਖੁਦਾ ਮੰਦਾ ਚੰਗਾ ਸਭ ਕੁਝ ਦੇਖਦਾ ਹੈ । ਪਾਪ ਕਰ ਕੇ ਦੋਜ਼ਖ ਦੀ ਅੱਗ ਵਿਚ ਨਾ ਸੜਿਓ ।

ਸਮੁੰਦ ਖਾਂ ਨਸ਼ੇ ਵਿਚ ਅੰਨ੍ਹਾਂ ਹੋਇਆ ਪਿਆ ਸੀ ਕਹਿਣ ਲੱਗਾ ਕਿ “ ਜੇ ਇਉਂ ਨਾ ਮੰਨੇਗੀ ਮੈ ਧੱਕੇਸ਼ਾਹੀ ਕਰਾਂਗਾ ਬੀਬੀ ਬਸੰਤ ਲਤਾ ਬੋਲੀ ਕੌਣ ਹੈ ਮੇਰੇ ਨਾਲ ਧੱਕੇਸ਼ਾਹੀ ਕਰਨ ਵਾਲਾਂ ਮੇਰਾ ਸਤਿਗੁਰੂ ਮੇਰੇ ਧਰਮ ਦਾ ਰਾਖਾ ਹੈ । ਅਕਾਲ ਪੁਰਖ ਮੇਰੇ ਜਿਹੀਆਂ ਅਬਲਾਵਾਂ ਦੀ ਬੇਨਤੀ ਸੁਣ ਰਖਿਆ ਕਰਦਾ ਹੈ । ਕੰਨ ਖੋਹਲ ਕੇ ਸੁਣ ਲੈ । ਮੈਨੂੰ ਹਥ ਲਾ ਕੇ ਆਪਣਾ ਸਤਿਆਨਾਸ ਨਾ ਕਰਾ ਲਵੀਂ । ਮੈਂ ਬਿਜਲੀ ਹਾਂ ਚੰਡੀ ਹਾਂ । ਮੇਰੀ ਪਵਿਤਾ ਸੱਚੀ ਹੈ । ਕੋਈ ਮਨੁੱਖ ਮੇਰੇ ਤਨ ਨੂੰ ਹੱਥ ਨਹੀਂ ਲਾ ਸਕਦਾ । ' '

ਸਮੁੰਦ ਖਾਨ ਬੋਲਿਆ “ ਸਤਿਗੁਰੂ ਤੇਰਾ ਆਪਣੀ ਰਾਖੀ ਨਾ ਕਰ ਸਕਿਆ ਤੇਰੀ ਕੀ ਰਖਿਆ ਕਰੇਗਾ । ਬਸੰਤ ਲਤਾ ਬੋਲੀ । “ ਉਹ ਵੇਖ ਮੇਰੇ ਸਤਿਗੁਰੂ ਮੇਰੀ ਸਹਾਇਤਾ ਲਈ ਆ ਰਹੇ ਹਨ । ਪਾਪੀ ਕੁੱਤੇ ਪਰਾਂ

ਹਟ ਮਰ ਪਰੇ ! ਧੰਨ ਮੇਰੇ ਭਾਗ ਉਹ ਕਲਗੀਆਂ ਵਾਲੇ ਆ ਗਏ ਹਨ । ਮੈਂ ਬਲਿਹਾਰੇ ਜਾਵਾਂ । ਸਮੁੰਦ ਖਾਂ ਹਥ ਫੈਲਾ ਬਾਹਵਾਂ ਵਿਚ ਘੁਟਣ ਲਈ ਬਸੰਤ ਲਤਾ ਵਲ ਅੱਗੇ ਵਧਿਆ । ਬਸੰਤ ਲਤਾ ਖਿੜ ਖਿੜਾ ਹੱਸਣ ਲੱਗੀ ' ਕੀ ਵੇਖ ਰਹੀ ਹੈ ਕਿ ਧੰਨ ਹੈ ਸਤਿਗੁਰੂ ! ਮੈਂ ਬਲਿਹਾਰੇ ਜਾਂਦੀ ਹਾਂ । ਆਪਣੀ ਪੁਤਰੀ ਦੀ ਲਾਜ ਤੇ ਪਵਿਰਤਾ ਕਾਇਮ ਰੱਖਣ ਖਾਤਰ ਪੁਜ ਹੀ ਗਏ ਨਾ ! ਇਸ ਪਾਪੀ ਦੁਸ਼ਟ ਨੂੰ ਬਹੁਤ ਸਮਝਾਇਆ । ਪਰ ਨਹੀਂ ਸਮਝਿਆ । ਅਕਾਲ ਪੁਰਖ ਦੀ ਸ਼ਕਤੀ ਨੂੰ ਮਖੌਲ ਕਰਦਾ ਹੈ।ਦਾਤਾ ! ਮਿਹਰ ਕਰੋ ਬੰਦੀ ਖਾਨੇ ਵਿੱਚੋਂ ਕੱਢ ਕੇ ਲੈ ਚਲੋ ਪਾਪੀਆਂ ਪਾਸੋ ।

ਸਮੁੰਦ ਖਾਂ ਅੱਗੇ ਵਧਣ ਦਾ ਜਤਨ ਕਰਦਾ ਹੈ ਬਾਹਵਾਂ ਫੈਲਾਈਆਂ ਹੀ ਰਹਿ ਗਈਆਂ ਹਨ । ਇਕੱਠੀਆਂ ਨਹੀਂ ਹੁੰਦੀਆਂ । ਹੇਠੋਂ ਪੈਰ ਧਰਤੀ ਨਾਲ ਜੁੜ ਗਏ ਹਨ । ਹਿਲਦੇ ਨਹੀਂ ਹਨ । ਅੱਖਾਂ ਤੋਂ ਅਨ੍ਹਾਂ ਹੋ ਗਿਆ ਹੈ । ਉਸ ਦੇ ਸਰੀਰ ਦਾ ਲਹੂ ਜਮਣ ਲੱਗ ਪਿਆ ਹੈ । ਹੈਰਾਨ ਹੈ ਕਿ ਕੀ ਹੋ ਗਿਆ , ਸੋਚਦਾ ਹੈ ਕਿ ਸੱਚ ਮੁੱਚ ਹੀ ਕੋਈ ਰੱਬੀ ਸ਼ਕਤੀ ਬਸੰਤ ਦੀ ਸਹਾਇਤਾ ਲਈ ਆ ਬਹੁੜੀ ਹੈ । ਬਸੰਤ ਪਿਛੇ ਹੱਟ ਗਈ ਹੈ । ਸਤਿਗੁਰੂ ਦੇ ਦਰਸ਼ਨ ਹੋਣੋਂ ਹੱਟ ਗਏ ਹਨ । ਉਹ ਗੁਰੂ ਜੀ ਦਾ ਜਸ " ਸਤਿਨਾਮ ਵਾਹਿਗੁਰੂ , ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲੱਗੀ । ਸਮੁੰਦ ਖਾਂ ਸਭ ਕੁਝ ਸੁਣ ਰਿਹਾ ਹੈ । ਦਿਖਾਈ ਕੁਝ ਨਹੀਂ ਦੇਂਦਾ । ਬਾਹਵਾਂ ਉਸੇ ਤਰ੍ਹਾਂ ਆਕੜੀਆਂ ਹੋਈਆਂ ਹਨ । ਸ਼ੁਕਰ ਹੈ ਕਿ ਕੰਨ ਤੇ ਜੁਬਾਨ ਕੰਮ ਕਰਦੇ ਹਨ । ਉਹ ਅਨੁਭਵ ਕਰਨ ਲਗਾ ਕਿ ਵਾਕਈ ਕੋਈ ਖੁਦਾਈ ਸ਼ਕਤੀ ਬਹੁੜੀ ਹੈ । ਡਿਕੋਲੱਕਾ ਜਿਹਾ ਹੋ ਕੇ ਬੋਲਿਆ " ਹੇ ਦੇਵੀ ਬਸੰਤ ਲਤਾ ਮੈਨੂੰ ਖਿਮਾ

ਬਖਸ਼ ! ਮੈਂ ਭੁਲ ਗਿਆ ਸਾਂ । ਮੇਰੇ ਪਾਪ ਨੂੰ ਨਾ ਚਿਤਾਰ ਬਖਸ਼ ਦੇ । ਭੈਣ ਬਸੰਤ ਲਤਾ ਮੈਨੂੰ ਮੁਆਫ ਕਰ ਕੇ ਮੈਥੋਂ ਗਲਤੀਆਂ ਹੋ ਗਈਆਂ ਹਨ ।

ਬਸੰਤ ਲਤਾ ਕਿਹਾ ਕਿ ਇਹ ਮੇਰੇ ਵਸ ਦੀ ਗੱਲ ਨਹੀਂ ਹੈਂ ਮੈਂ ਤਾਂ ਅਬਲਾ ਤੇ ਕੈਦਨ ਹਾਂ ਮੈਂ ਵਿਚਾਰੀ ਕੀ ਕਰ ਸਕਦੀ ਹਾਂ । ਹੁਣ ਸਮੁੰਦ ਖਾਂ ਦੇ ਕਪਾਟ ਖੁੱਲ ਗਏ ਕਹਿਣ ਲੱਗਾ , " ਹੈ ਭੈਣੇ ! ਮੇਰੇ ਖਾਤਰ ਆਪਣੇ ਸਤਿ ਗੁਰ ਅੱਗੇ ਅਰਜ਼ ਕਰ ਕਿ ਉਹ ਮੇਰੀਆਂ ਪਿਛਲੀਆਂ ਭੁੱਲਾਂ ਨੂੰ ਬਖਸ਼ਣ । ਮੇਰੀ ਭੈੜੀ ਨੀਚ ਜ਼ਬਾਨ ਵਿਚੋਂ ਉਨ੍ਹਾਂ ਦੀ ਸ਼ਾਨ ਵਿਰੁੱਧ ਜਿਹੜੇ ਭੈੜੇ ਸ਼ਬਦ ਮੈਥੋਂ ਨਿਕਲੇ ਹਨ , ਉਹ ਖਿਮਾ ਕਰਨ ! ਮੈਂ ਮਹਾਂ ਪਾਪੀ ਹਾਂ । ਹੁਣ ਮੈਨੂੰ ਬਖਸ਼ ਦੇਣ । ਮੇਰੀਆਂ ਅੱਖਾਂ ਖੁਲਣ ਮੇਰੇ ਹਥ ਬਾਹਾਂ ਠੀਕ ਹੋਣ । ਤੈਨੂੰ ਭੈਣ ਸਮਝਦਾ ਹਾਂ । ਮੈ ਖੁਦਾ ਨੂੰ ਹਾਜ਼ਰ ਨਾਜ਼ਰ ਸਮਝ ਕਸਮ ਖਾਂਦਾ ਹੈ ਕਿ ਮੈਂ ਭੈਣ ਬਸੰਤ ਲਤਾ ਨੂੰ ਗੁਰੂ ਦੇ ਪ੍ਰਵਾਰ ਪਾਸ ਭੇਜ ਦੇਵਾਂਗਾ । ਇਸ ਦੀ ਕੋਈ ਨਿਰਾਦਰੀ ਨਹੀਂ ਕਰੇਗਾ । ਮੈਂ ਫਿਰ ਖਿਮਾਂ ਲਈ ਅਰਜ਼ ਕਰਦਾ ਹਾਂ । ' '

ਸਮੁੰਦ ਖਾਂ ਨੇ ਬਸੰਤ ਲਤਾ ਨੂੰ ਬੰਦੀ ਖਾਨਿਓ ਬਾਹਰ ਕੱਢ ਕੇ ਭੈਣ ਬਣਾ ਲਿਆ । ਆਪਣੇ ਮਹਿਲਾਂ ਵਿਚ ਲਿਆ ਕੇ ਆਪਣੀਆਂ ਬੇਗਮਾਂ ਪਾਸੋਂ ਬੜਾ ਆਦਰ ਮਾਨ ਕਰਵਾਇਆ ਤੇ ਸਮੁੰਦ ਖਾਂ ਪਾਸੋਂ ਬਸੰਤ ਦੀ ਪਵਿਤਾ ਦੀ ਸਾਖੀ ਸੁਣ ਕੇ ਹੱਕੀ ਬੱਕੀ ਰਹਿ ਗਈਆਂ । ਮਹਿਲਾਂ ਦੀਆਂ ਇਸਤ੍ਰੀਆਂ ਇਸ ਨੂੰ ਦੇਵੀ ਹੀ ਸਮਝਣ ਲੱਗ ਪਈਆਂ । ਸਾਰੇ ਘਰ ਦਾ ਵਾਤਾਵਰਨ ਹੀ ਬਦਲ ਕੇ ਪਵਿਤਰ ਹੋ ਗਿਆ । ਸਮੁੰਦ ਖਾਂ ਨੇ ਤੀਜੇ ਦਿਨ ਪਤਾ ਕਰਕੇ ਦਸਿਆ ਕਿ "ਭੈਣ ਜੀ ਬੜੀਆਂ ਮਾੜੀਆਂ ਤੇ ਭੈੜੀਆਂ ਖਬਰਾਂ ਦਸਣ ਲਗਾ

ਹਾਂ ਚਮਕੌਰ ਵਿੱਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ । ਗੁਰੂ ਜੀ ਅੱਗੇ ਨਿਕਲ ਗਏ ਹਨ । ਸਾਰਾ ਪ੍ਰਵਾਰ ਹੀ ਖਿਲਰ ਪੁਲਰ ਗਿਆ ਹੈ । ਅਜੇ ਰੌਲਾ ਬਹੁਤ ਹੈ । ਤੁਹਾਨੂੰ ਅਜੇ ਬਾਹਰ ਭੇਜਣਾ ਚੰਗਾ ਨਹੀਂ ਹੈ । ਤੁਸੀਂ ਏਥੇ ਆਰਾਮ ਨਾਲ ਟਿਕੋ ।

ਇਸ ਤਰ੍ਹਾਂ ਬਸੰਤ ਲਤਾ ਸਮੁੰਦ ਖਾਂ ਦੀ ਭੈਣ ਬਣ ਕੇ ਕਾਫੀ ਅਰਸਾ ਉਸ ਪਾਸ ਰਹੀ । ਸਮੁੰਦ ਖਾਂ ਦੀਆਂ ਬੇਗਮਾਂ ਤੇ ਦਾਸੀਆਂ ਇਸ ਨੂੰ ਦੇਵਾਂ ਕਰਕੇ ਪੂਜਦੀਆਂ । ਇਹ ਸਾਰਾ ਦਿਨ ਪ੍ਰਭੂ ਭਗਤੀ ਤੇ ਸਿਮਰਨ ਵਿੱਚ ਜੁੜੀ ਰਹਿੰਦੀ । ਰਾਤ ਸੌਣ ਲਗਿਆਂ । ਗੁਰੂ ਘਰ ਦੀਆਂ ਸ਼ਕਤੀਆਂ ਤੇ ਬਰਕਤਾਂ ਬਾਰੇ ਸਾਰਿਆਂ ਨੂੰ ਦੱਸਦੀ । ਜਾਣੋ ਇਕ ਸਤਿਸੰਗ ਹੀ ਲੱਗ ਜਾਂਦਾ । ਸਾਰੇ ਇਸ ਦੀ ਗਿਆਨ ਭਰਪੂਰ ਵਿਚਾਰ ਤੇ ਪ੍ਰਮਾਤਮਾ ਨਾਲ ਜੋੜਨ ਦੀਆਂ ਗਲਾਂ ਬੜੇ ਪ੍ਰੇਮ ਤੇ ਦਿਲਚਸਪੀ ਨਾਲ ਸੁਣਦੇ । ਦੋ ਮਹੀਨੇ ਬੀਤ ਗਏ । ਠੰਡ ਠੰਡੋਲਾ ਹੋ ਗਿਆ ਙ ਬਸੰਤ ਲਤਾ ਨੂੰ ਸਮੁੰਦ ਖਾਂ ਨੇ ਭੈਣਾ ਵਾਂਗ ਚੰਗਾ ਸਾਮਾਨ ਬਣਾ ਕੇ ਤੋਰਿਆ । ਛੇ ਘੋੜ ਸਵਾਰ ਦਿੱਤੇ ਬਸੰਤ ਨੂੰ ਪਾਲਕੀ ਵਿੱਚ ਬਿਠਾ ਚੰਦਰ ਪ੍ਰਭਾ ਨੂੰ ਨਾਲ ਘੋੜੇ ਤੇ ਤੋਰਿਆ । ਪੰਦਰਾ ਦਿਨ ਮੰਜ਼ਲਾ ਮਾਰਦੇ ਗੁਰੂ ਜੀ ਪਾਸ ਦੀਨੇ ਛਡ ਆਏ । ਉਧਰੋਂ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਵੀ ਦਿੱਲੀਓਂ ਉਥੇ ਪੁੱਜ ਗਈਆਂ ਬਾਕੀ ਰਹਿੰਦੇ ਪ੍ਰਵਾਰ ਨੂੰ ਵੇਖ ਕੇ ਬਹੁਤ ਖੁਸ਼ ਹੋਈ । ਆਪਣੀ ਸਾਰੀ ਹੱਡ ਬੀਤੀ ਸਭ ਸੰਗਤ ਨੂੰ ਸੁਣਾਈ । ਕਲਗੀਆਂ ਵਾਲੇ ਦਾ ਧੰਨਵਾਦ ਕੀਤਾ । ਜਿਨ੍ਹਾਂ ਨੇ ਉਸ ਦੀ ਪੈਜ ਤੇ ਪ੍ਰਤਿਗਿਆ ਰੱਖ ਉਸ ਦੀ ਪਵਿਤ੍ਰਤਾ ਕਾਇਮ ਰੱਖੀ ਤੇ ਕਾਲ ਕੋਠੜੀ ' ਚੋਂ ਖਲਾਸੀ ਕਰਾਈ ।

ਜਿਹੜੀਆਂ ਬੀਬੀਆਂ ਧਰਮ ਵਿਚ ਪੱਕੀਆਂ , ਪ੍ਰਭੂ ਭਗਤੀ ਤੇ ਸੇਵਾ ਸਿਮਰਨ ਦੀਆਂ ਧਾਰਨੀ ਹੁੰਦੀਆਂ ਹਨ । ਅਕਾਲ ਪੁਰਖ ਆਪ ਬਹੁੜ ਕੇ ਉਨ੍ਹਾਂ ਦੇ ਧਰਮ ਦੀ ਰਖਿਆ ਤੇ ਸਹਾਇਤਾ ਕਰਦਾ ਹੈ । ਉੱਚਾ ਆਰਚਨ ਉੱਚੀ ਅਵਸਥਾ ਵਿਚ ਲੈ ਜਾਂਦਾ ਹੈ । ਇਸ ਬੀਬੀ ਦੀ ਕਥਾ ਵੀ ਸਿੱਖ ਬੀਬੀਆਂ ਲਈ ਇੱਕ ਚਾਨਣ ਮੁਨਾਰਾ ਹੈ ।

ਜੋਰਾਵਰ ਸਿੰਘ ਤਰਸਿੱਕਾ।

– ਹੋਰ ਇਤਿਹਾਸ ਪੜ੍ਹਨ ਲਈ ਕਿਰਪਾ ਕਰਕੇ ਸਾਡੀ ਐੱਪ ਇੰਸਟਾਲ ਕਰੋ:

https://bit.ly/nitnem-app

# Bibi Basant Lata

A short biography of Bibi Basant Lata will prove that Sikh woman can successfully face all kinds of critical and risky situations. They can undergo the worst torture, shun attractive temptations and sacrifice their lives to save their faith, honor and rights. Sikh women like Sikh men are equally good saint- soldiers.

Basant Lata, a baptized Sikh woman, had no living relative. She spent her time in the service of Mata Sundri and her family at Anandpur. Service was the only mission of her life. She treated every member of the family like her own dear and near one. She was happily living under the shelter of Mata Sundri. She also treated Basant Lata like her sister and loved her from the chore of her heart.

Guru Gobind Singh reluctantly evacuated the fort at Anandpur at the dead of night 20-21 December, 1704 on a written assurance of Aurangzeb for safe evacuation. This assurance proved false and the Mughal forces under Wazir Khan attacked the Guru and the party before they could cross the river Sirsa. It was

raining and a swift wind was blowing. The river was in spate. In the midst of rain, cold, darkness and fierce fighting, complete confusion prevailed among the Sikhs. Mata Sundri and Mata Gujri with the princes were being carried in palanquins, duly protected by the Sikhs. Basant Lata was walking along. Mata Sundri asked Lata many times to sit in the palanquins.

Basant Late, out of respect, did not like to sit with the Mata and kept on walking in the dark. In utter darkness and confusion, she stumbled and fell down. After a while when she got up, her companions had gone far away. She found herself surrounded by a few Mughal Soldiers. She gave them a good fight, but could not face the armed soldiers and was arrested.

Soldiers decided to present her as a gift to their chief. They took her to the chief's home and presented her to him. She said to the chief, " I'm a baptized maid servant of Mata Sundri. My faith is dearer to me than my life. I know how to sacrifice my life at the altar of my honor. It would be better for you if you leave me so that I may join my party".

The chief did not listen to her and offered her a comfortable and respectful life as his senior queen. He

also showed her precious ornaments which she could use after becoming his queen”. She did not agree and refused his offers flatly. The chief was attracted to her and ordered that she should be tortured till she agrees. The soldiers threatened and tortured her. She was kept hungry and had to grind wheat for 24 hours at a stretch.

She was dead tired and the chief was hopeful that now she would agree to marry him. He tried to allure her with his sweet talk, but failed. As he turned his face, she secretly took his dagger from his belt and quickly thrust it into her chest. She died in no time and there was nothing but her dead body and blood lying on the floor. Now the chief realized that she meant what she said. He was all praise for the brave Sikh woman. He did not want that the people should know about it. He was also afraid of the Sikhs. He called his Hindu servant and asked him to cremate her secretly according to the Sikh rites.

The servant asked his wife to give the dead body of Basant Lata a bath. She found a piece of written paper in her pocket. It was a letter by Basant Lata to Mata Sundri intimating her that her dear Lata sacrificed her life to save her honor and faith with the hope to

meet her in the next world. Lata also requested Mata Sundri to forgive her mistakes, if any, committed by her during the service. .